# ਵੇਰੀਐਂਟ ਕ੍ਰੇਇਟਜ਼ਫੈਲਟ-ਯਾਕੋਬ ਡਿਜ਼ੀਜ਼ (vCJD)

# Variant Creutzfeldt-Jakob disease (vCJD)

## ਵੇਰੀਐਂਟ ਕ੍ਰੇਇਟਜ਼ਫੈਲਟ-ਯਾਕੋਬ ਡਿਜ਼ੀਜ਼ (vCJD) ਕੀ ਹੈ?

ਵੇਰੀਐਂਟ ਕ੍ਰੇਇਟਜ਼ਫੈਲਟ-ਯਾਕੋਬ ਡਿਜ਼ੀਜ਼ (vCJD) ਨੂੰ ਹਿਊਮਨ ਮੈਡ ਕਾਓ ਡਿਜ਼ੀਜ਼ ਜਾਂ ਹਿਊਮਨ ਬੋਵਾਈਨ ਸਪੌਂਜੀਫੌਰਮ ਐਨਸੇਫੈਲੋਪੈਥੀ (BSE) ਵੀ ਕਿਹਾ ਜਾਂਦਾ ਹੈ। ਇਹ ਇੱਕ ਬਹੁਤ ਹੀ ਦੁਰਲੱਭ, ਡੀਜਨਰੇਟਿਵ ਅਤੇ ਘਾਤਕ ਦਿਮਾਗ ਦੀ ਬਿਮਾਰੀ ਹੈ ਜੋ ਲੋਕਾਂ ਵਿੱਚ ਹੋ ਸਕਦੀ ਹੈ। ਇਹ ਬਿਮਾਰੀ ਦਿਮਾਗ ਦੇ ਸੈੱਲਾਂ ਅਤੇ ਰੀੜ੍ਹ ਦੀ ਹੱਡੀ ਨੂੰ ਨੁਕਸਾਨ ਪਹੁੰਚਾਉਂਦੀ ਹੈ।

## vCJD ਦੇ ਲੱਛਣ ਕੀ ਹਨ?

vCJD ਦੇ ਸ਼ੁਰੂਆਤੀ ਲੱਛਣਾਂ ਵਿੱਚ ਮੂਡ ਸਵਿੰਗ ਅਤੇ ਯਾਦਦਾਸ਼ਤ ਦੀ ਕਮੀ ਸ਼ਾਮਲ ਹਨ। ਇਹ ਬਿਮਾਰੀ ਹਿਲਣ ਜੁਲਣ ਸੰਬੰਧੀ ਸਮੱਸਿਆਵਾਂ ਵੀ ਪੈਦਾ ਕਰਦੀ ਹੈ ਅਤੇ ਤੇਜ਼ੀ ਨਾਲ ਜਾਗਰੂਕਤਾ ਦੇ ਕੋਈ ਸੰਕੇਤ ਨਾ ਦਰਸਾਉਣ ਵਾਲੀ ਅਵਸਥਾ (vegetative state) ਅਤੇ ਮੌਤ ਵੱਲ ਵਧਦੀ ਹੈ। ਲਾਗ ਲੱਗਣ ਦੇ ਸਮੇਂ ਤੋਂ vCJD ਦੇ ਲੱਛਣਾਂ ਨੂੰ ਵਿਕਸਿਤ ਹੋਣ ਵਿੱਚ 5 ਤੋਂ 15 ਸਾਲ ਤੱਕ ਦਾ ਸਮਾਂ ਲੱਗ ਸਕਦਾ ਹੈ। vCJD ਕਿਸੇ ਵੀ ਉਮਰ ਵਿੱਚ ਹੋ ਸਕਦੀ ਹੈ, ਪਰ ਇਹ ਬਿਮਾਰੀ 30 ਸਾਲ ਤੋਂ ਘੱਟ ਉਮਰ ਦੇ ਲੋਕਾਂ ਵਿੱਚ ਸਭ ਤੋਂ ਆਮ ਹੈ।

1995 ਵਿੱਚ vCJD ਦੀ ਖੋਜ ਤੋਂ ਬਾਅਦ, ਦੁਨੀਆ ਭਰ ਵਿੱਚ vCJD ਦੇ 200 ਤੋਂ ਵੱਧ ਕੇਸ ਰਿਪੋਰਟ ਕੀਤੇ ਗਏ ਹਨ। ਜ਼ਿਆਦਾਤਰ ਕੇਸ ਯੂਨਾਈਟਿਡ ਕਿੰਗਡਮ (UK) ਵਿੱਚ ਵਾਪਰੇ ਹਨ। ਕੈਨੇਡਾ ਵਿੱਚ vCJD ਦੇ ਕੁਝ ਕੇਸ ਰਿਪੋਰਟ ਕੀਤੇ ਗਏ ਹਨ ਪਰ ਇਹ ਲੋਕ ਦੂਜੇ ਦੇਸ਼ਾਂ ਵਿੱਚ ਸੰਕਰਮਿਤ ਹੋਏ ਸਨ।

## vCJD ਦਾ ਕੀ ਕਾਰਨ ਹੈ?

vCJD ਇੱਕ ਅਸਧਾਰਨ ਪ੍ਰੀਓਨ (prion) - ਸੈੱਲਾਂ ਦੀ ਸਤਹ 'ਤੇ ਪਾਏ ਜਾਣ ਵਾਲੇ ਇੱਕ ਪ੍ਰਟੀਨ - ਕਰਕੇ ਹੁੰਦੀ ਹੈ। ਅਸਧਾਰਨ ਪ੍ਰੀਓਨ ਦਿਮਾਗ ਦੇ ਦੂਜੇ ਸੈੱਲ ਪ੍ਰੋਟੀਨਾਂ ਨਾਲ ਜੁੜ ਜਾਂਦਾ ਹੈ ਅਤੇ ਉਹਨਾਂ ਦੇ ਆਕਾਰ ਨੂੰ ਵਿਗਾੜ ਦਿੰਦਾ ਹੈ। ਬਿਮਾਰੀ ਉਦੋਂ ਹੁੰਦੀ ਹੈ ਜਦੋਂ ਅਸਧਾਰਨ ਪ੍ਰੀਓਨ ਦਿਮਾਗ 'ਤੇ ਹਮਲਾ ਕਰਦਾ ਹੈ, ਸੈੱਲਾਂ ਨੂੰ ਮਾਰਦੇ ਹੋਏ ਅਤੇ ਟਿਸ਼ੂਆਂ ਵਿੱਚ ਫਾਸਲੇ ਜਾਂ ਸਪੰਜ ਵਰਗੇ ਪੈਚ ਉਤਪੰਨ ਕਰਦੇ ਹੋਏ। vCJD ਪ੍ਰੀਓਨ ਉਹੀ ਪ੍ਰੀਓਨ ਹੈ ਜੋ BSE ਵਾਲੀਆਂ ਗਾਵਾਂ ਵਿੱਚ ਪਾਇਆ ਜਾਂਦਾ ਹੈ।

## ਕਿਸੇ ਵਿਅਕਤੀ ਨੂੰ vCJD ਕਿਵੇਂ ਹੁੰਦੀ ਹੈ?

vCJD ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤੱਕ ਨਹੀਂ ਫੈਲਦੀ। ਹਾਲਾਂਕਿ, ਇਹ vCJD ਵਾਲੇ ਕਿਸੇ ਵਿਅਕਤੀ ਤੋਂ ਖੂਨ ਚੜ੍ਹਾਉਣ ਦੁਆਰਾ ਦੂਜਿਆਂ ਤੱਕ ਫੈਲ ਸਕਦੀ ਹੈ, ਹਾਲਾਂਕਿ ਇਹ ਬਹੁਤ ਹੀ ਵਿਰਲੇ ਹੁੰਦਾ ਹੈ। ਇਹ ਉਹਨਾਂ ਲੋਕਾਂ ਨੂੰ ਵੀ ਪਾਸ ਕੀਤੀ ਜਾ ਸਕਦੀ ਹੈ ਜੋ BSE ਨਾਲ ਸੰਕਰਮਿਤ ਗਾਂ ਦੇ ਅੰਗ ਜਾਂ ਬੀਫ ਖਾਂਦੇ ਹਨ। ਕੈਨੇਡਾ ਵਿੱਚ ਹੁਣ ਤੱਕ, ਗਾਵਾਂ ਵਿੱਚ BSE ਦੇ 19 ਮਾਮਲੇ ਰਿਪੋਰਟ ਕੀਤੇ ਗਏ ਹਨ। ਇਨ੍ਹਾਂ ਪਸ਼ੂਆਂ ਦਾ ਕੋਈ ਵੀ ਹਿੱਸਾ ਮਨੁੱਖੀ ਭੋਜਨ ਸਪਲਾਈ ਵਿੱਚ ਦਾਖਲ ਨਹੀਂ ਹੋਇਆ ਹੈ। vCJD ਦੇ ਰਿਪੋਰਟ ਕੀਤੇ ਗਏ ਕੇਸਾਂ ਵਿੱਚੋਂ ਕੋਈ ਵੀ ਕਨੇਡੀਅਨ ਬੀਫ ਖਾਣ ਦਾ ਨਤੀਜਾ ਨਹੀਂ ਹਨ।

## ਕਿਸੇ ਗਾਂ ਨੂੰ BSE ਕਿਵੇਂ ਹੁੰਦੀ ਹੈ?

ਅਸਾਧਾਰਨ ਪ੍ਰੀਓਨ ਜਿਹੜੇ BSE ਦਾ ਕਾਰਨ ਬਣਦੇ ਹਨ, ਗਾਵਾਂ ਦੇ ਦਿਮਾਗ, ਖੋਪੜੀ, ਰੀੜ੍ਹ ਦੀ ਹੱਡੀ, ਨਸਾਂ ਦੇ ਟਿਸ਼ੂ ਅਤੇ ਅੰਤੜੀਆਂ ਵਿੱਚ ਇਕੱਠੇ ਹੁੰਦੇ ਹਨ। ਪ੍ਰੀਓਨ ਦੂਜੀਆਂ ਗਾਵਾਂ ਨੂੰ ਪਾਸ ਕੀਤੇ ਜਾ ਸਕਦੇ ਹਨ ਜਦੋਂ ਉਹਨਾਂ ਦੀ ਖੁਰਾਕ ਵਿੱਚ ਸੰਕਰਮਿਤ ਗਾਵਾਂ ਤੋਂ ਦੂਸ਼ਿਤ ਸਮੱਗਰੀ ਹੁੰਦੀ ਹੈ। BSE ਬਾਰੇ ਹੋਰ ਜਾਣਕਾਰੀ ਲਈ,

https://inspection.canada.ca/en/animal-health/terrestrial-animals/diseases/reportable/bovine-spongiform-encephalopathy 'ਤੇ ਕੈਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ 'ਤੇ ਜਾਓ।

## BSE ਦੇ ਫੈਲਣ ਤੋਂ ਬਚਣ ਲਈ ਕਿਹੜੀਆਂ ਸਾਵਧਾਨੀਆਂ ਵਰਤੀਆਂ ਜਾਂਦੀਆਂ ਹਨ?

BSE ਦੇ ਫੈਲਣ ਨੂੰ ਰੋਕਣ ਲਈ, BSE ਦੇ ਫੈਲਣ ਵਿੱਚ ਯੋਗਦਾਨ ਪਾਉਣ ਵਾਲੀਆਂ ਸਮੱਗਰੀਆਂ ਨੂੰ ਜਾਨਵਰਾਂ ਅਤੇ ਮਨੁੱਖੀ ਭੋਜਨ ਚੇਨਾਂ ਵਿੱਚ ਦਾਖਲ ਹੋਣ ਦੀ ਆਗਿਆ ਨਹੀਂ ਹੈ।

ਵਧੇਰੇ ਜਾਣਕਾਰੀ ਲਈ, https://inspection.canada.ca/en/animal-health/terrestrial-animals/diseases/reportable/bovine-spongiform-encephalopathy/safeguards 'ਤੇ ਕੈਨੇਡਾ ਦੇ BSE ਸੇਫਗਾਰਡਾਂ ਦੀ ਸੰਖੇਪ ਜਾਣਕਾਰੀ 'ਤੇ ਜਾਓ।

## vCJD ਦਾ ਨਿਦਾਨ ਕਿਵੇਂ ਕੀਤਾ ਜਾਂਦਾ ਹੈ?

vCJD ਦਾ ਇੱਕ ਅਸਥਾਈ ਨਿਦਾਨ ਇਸ ਦੇ ਅਧਾਰ ਤੇ ਕੀਤਾ ਜਾਂਦਾ ਹੈ:

- ਲੱਛਣ
- ਰੀੜ੍ਹ ਦੀ ਹੱਡੀ ਦੇ ਆਲੇ ਦੁਆਲੇ ਦੇ ਤਰਲ 'ਤੇ ਟੈਸਟ
- MRI ਸਕੈਨਾਂ ਦੀ ਵਰਤੋਂ ਕਰਦੇ ਹੋਏ ਦਿਮਾਗ ਦੀਆਂ ਤਸਵੀਰਾਂ
- EEG ਦੀ ਵਰਤੋਂ ਕਰਦੇ ਹੋਏ ਦਿਮਾਗ ਦੀ ਬਿਜਲਈ ਗਤੀਵਿਧੀ ਦੀਆਂ ਰਿਕਾਰਡਿੰਗਾਂ
- ਟੌਂਸਿਲ ਬਾਇਓਪਸੀ

ਨਿਦਾਨ ਦੀ ਪੁਸ਼ਟੀ ਸਿਰਫ ਪੋਸਟਮਾਰਟਮ ਦੁਆਰਾ ਕੀਤੀ ਜਾ ਸਕਦੀ ਹੈ।

vCJD ਵਾਲੇ ਵਿਅਕਤੀਆਂ ਵਿੱਚ, ਸ਼ੁਰੂਆਤੀ ਲੱਛਣ ਹੋਣ ਤੋਂ ਲਗਭਗ 2 ਸਾਲ ਬਾਅਦ ਜਾਨਲੇਵਾ ਜਟਿਲਤਾਵਾਂ ਵਿਕਸਿਤ ਹੁੰਦੀਆਂ ਹਨ।

## vCJD ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਵਰਤਮਾਨ ਸਮੇਂ 'ਤੇ CJD ਦਾ ਕੋਈ ਇਲਾਜ ਨਹੀਂ ਹੈ। ਇਲਾਜ ਵਿੱਚ ਸਰੀਰਕ ਅਤੇ ਕਿੱਤਾਮੁਖੀ ਥੈਰੇਪੀਆਂ ਨਾਲ ਮਰੀਜ਼ ਦੀ ਸਹਾਇਤਾ ਕਰਨਾ ਸ਼ਾਮਲ ਹੈ। CJD ਵਾਲਾ ਵਿਅਕਤੀ ਅੰਤ ਵਿੱਚ ਬਿਸਤਰੇ ਤੱਕ ਸੀਮਤ ਹੋ ਜਾਂਦਾ ਹੈ ਅਤੇ ਉਸਨੂੰ ਇੱਕ ਟਿਊਬ ਦੁਆਰਾ ਖੁਆਇਆ ਜਾਣਾ ਜ਼ਰੂਰੀ ਹੁੰਦਾ ਹੈ।

## ਕੀ vCJD CJD ਨਾਲ ਸਬੰਧਤ ਹੈ?

CJD ਅਤੇ vCJD ਇੱਕੋ ਬਿਮਾਰੀ ਨਹੀਂ ਹਨ। ਉਹ ਅਸਧਾਰਨ ਪ੍ਰੀਓਨਾਂ ਕਾਰਨ ਹੋਣ ਵਾਲੀਆਂ ਬਿਮਾਰੀਆਂ ਦੇ ਸਮੂਹ ਦਾ ਹਿੱਸਾ ਹਨ। ਲੱਛਣ ਮਿਲਦੇ ਜੁਲਦੇ ਹਨ, ਹਾਲਾਂਕਿ CJD ਆਮ ਤੌਰ 'ਤੇ 45 ਅਤੇ 75 ਸਾਲ ਦੀ ਉਮਰ ਦੇ ਵਿਚਕਾਰ ਦੇ ਬਾਲਗਾਂ ਵਿੱਚ ਵਾਪਰਦੀ ਹੈ। CJD BSE ਨਾਲ ਸੰਕਰਮਿਤ ਗਾਂ ਦੇ ਅੰਗਾਂ ਨੂੰ ਖਾਣ ਨਾਲ ਜੁੜੀ ਹੋਈ ਨਹੀਂ ਹੈ।

## ਹੋਰ ਜਾਣਕਾਰੀ ਲਈ

CJD ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #55a ਕ੍ਰੇਇਟਜ਼ਫੈਲਟ-ਯਾਕੋਬ ਡਿਜ਼ੀਜ਼ (CJD) 'ਤੇ ਜਾਓ।

BC Centre for Disease Control
Provincial Health Services Authority

ਹੋਰ ਹੈਲਥਲਿੰਕਬੀਸੀ ਫਾਈਲ ਵਿਸ਼ਿਆਂ ਵਾਸਤੇ www.HealthLinkBC.ca/more/resources/healthlink-bc-files 'ਤੇ ਜਾਂ ਆਪਣੇ ਸਥਾਨਕ ਸਿਹਤ ਯੂਨਿਟ ਕੋਲ ਜਾਓ। ਬੀ.ਸੀ. ਵਿੱਚ ਗੈਰ-ਐਮਰਜੈਂਸੀ ਸਿਹਤ ਜਾਣਕਾਰੀ ਅਤੇ ਸਲਾਹ ਦੇ ਲਈ www.HealthLinkBC.ca'ਤੇ ਜਾਓ ਜਾਂ **8-1-1** (ਟੋਲ-ਫ੍ਰੀ) 'ਤੇ ਫੋਨ ਕਰੋ। ਬੋਲੇ ਅਤੇ ਉੱਚਾ ਸੁਣਨ ਵਾਲਿਆਂ ਲਈ, **7-1-1** 'ਤੇ ਫੋਨ ਕਰੋ। ਬੇਨਤੀ ਕਰਨ ਤੇ 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।